# BC Hands & Voices

*"What works for your child is what makes the choice right."™*

BC Hands & Voices is a parent-driven, non-profit organization dedicated to supporting families with children who are deaf or hard of hearing.



## The value of connecting

By Lisa Cable

## ਜੁੜਨ ਦਾ ਮਹੱਤਵ

ਲੇਖਕ ਲੀਸਾ ਕੇਬਲ

ਜਦੋਂ ਮੈਂ ਆਪਣੇ ਕੰਪਿਊਟਰ ਅੱਗੇ ਬੈਠੀ ਇਹ ਆਰਟੀਕਲ ਲਿਖ ਰਹੀ ਹਾਂ, ਉਸ ਸਮੇਂ ਮੇਰੀ 9 ਸਾਲਾਂ ਦੀ ਧੀ ਲਿੱਲੀ ਇਕ ਅੱਲੜ੍ਹ (ਟੀਨ) ਉਮਰ ਦੀ ਕੁੜੀ ਨਾਲ ਗੱਲ ਕਰਕੇ ਹਟੀ ਹੈ। ਇਹ ਗੱਲਬਾਤ ਬੋਲੇ ਅਤੇ ਉੱਚਾ ਸੁਣਨ ਵਾਲਿਆਂ ਦੀ ਉਹਨਾਂ ਦੀ ਸਾਂਝੀ ਅਧਿਆਪਕਾ ਦੀ ਮਦਦ ਨਾਲ ਹੋਈ ਸੀ। ਉਹ ਪਹਿਲਾਂ ਹੀ ਮਿਲ ਚੁੱਕੀਆਂ ਹਨ ਅਤੇ ਉਹਨਾਂ ਦੇ ਬੋਲੇਪਣ ਦਾ ਪੱਧਰ ਇਕੋ ਜਿਹਾ ਹੈ ਅਤੇ ਉਹ ਸੁਣਨ ਲਈ ਇਕੋ ਤਰ੍ਹਾਂ ਦਾ ਸਾਜ਼ ਸਾਮਾਨ ਵਰਤਦੀਆਂ ਹਨ। ਅੱਜ ਮੇਰੀ ਧੀ ਆਪਣੀ ਵੱਡੀ ਉਮਰ ਦੀ ਸਹੇਲੀ ਨਾਲ ਉਸ ਦੀ ਜ਼ਿੰਦਗੀ, ਪਰਿਵਾਰ, ਸ਼ੁਗਲਾਂ, ਉਸ ਦੇ ਬੋਲੇਪਣ ਬਾਰੇ "ਇੰਟਰਵਿਊ" ਕਰ ਰਹੀ ਸੀ। ਆਪਣੀ ਕਾਲ ਖਤਮ ਕਰਨ ਤੋਂ ਬਾਅਦ ਲਿੱਲੀ ਨੇ ਮੈਨੂੰ ਦੱਸਿਆ ਕਿ ਉਸ ਨੇ ਇਸ ਗੱਲਬਾਤ ਨੂੰ ਬਹੁਤ ਪਸੰਦ ਕੀਤਾ ਸੀ ਅਤੇ ਉਹ ਇਹ ਗੱਲਬਾਤ ਦੁਬਾਰਾ ਕਰਨ ਲਈ ਤਾਂਘ ਰਹੀ ਸੀ। ਇਸ ਨੇ ਮੈਨੂੰ ਇਕ ਵਾਰ ਫਿਰ ਯਾਦ ਕਰਵਾਇਆ ਕਿ ਸਾਡੇ ਸਾਰਿਆਂ ਲਈ ਉਹਨਾਂ ਲੋਕਾਂ ਨਾਲ ਜੁੜਨਾ ਕਿੰਨਾ ਮਹੱਤਵਪੂਰਨ ਹੈ, ਜਿਹਨਾਂ ਦੇ ਤਜਰਬੇ ਅਤੇ ਜ਼ਿੰਦਗੀ ਦੀਆਂ ਕਹਾਣੀਆਂ ਸਾਡੇ ਵਰਗੀਆਂ ਹਨ।



ਪਿਛਲੇ 9 ਸਾਲਾਂ ਦੌਰਾਨ ਸਾਡੇ ਪਰਿਵਾਰ ਨੂੰ ਬੋਲੇ ਅਤੇ ਉੱਚਾ ਸੁਣਨ ਵਾਲੇ ਭਾਈਚਾਰਿਆਂ ਦੇ ਦੂਸਰੇ ਮੈਂਬਰਾਂ ਨਾਲ ਬਣਾਏ ਰਿਸ਼ਤਿਆਂ ਤੋਂ ਫਾਇਦਾ ਹੋਇਆ ਹੈ। ਇਹਨਾਂ ਰਿਸ਼ਤਿਆਂ ਨੇ ਸਾਡੀਆਂ ਜ਼ਿੰਦਗੀਆਂ ਨੂੰ ਕਿਸ ਤਰ੍ਹਾਂ ਅਮੀਰ ਬਣਾਇਆ ਹੈ ਅਤੇ ਸੰਸਾਰ ਬਾਰੇ ਸਾਡੇ ਨਜ਼ਰੀਏ ਨੂੰ ਕਿਸ ਤਰ੍ਹਾਂ ਵਿਸ਼ਾਲ ਕੀਤਾ ਹੈ, ਇਸ ਦੀਆਂ ਕੁੱਝ ਉਦਾਹਰਨਾਂ ਇਸ ਪ੍ਰਕਾਰ ਹਨ:

### ਬੋਲੇ ਅਤੇ ਉੱਚਾ ਸੁਣਨ ਵਾਲੇ ਬਾਲਗਾਂ ਨਾਲ ਜੁੜਨਾ

ਸਾਨੂੰ ਬੋਲੇ ਅਤੇ ਉੱਚਾ ਸੁਣਨ ਵਾਲੇ ਬਹੁਤ ਸਾਰੇ ਬਾਲਗਾਂ ਨਾਲ ਮਿਲਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਹਨਾਂ ਬਾਲਗਾਂ ਵਿੱਚੋਂ ਕੁੱਝ ਨੇ ਅਜੇ ਹਾਈ ਸਕੂਲ ਹੀ ਪਾਸ ਕੀਤਾ ਸੀ ਅਤੇ ਕੁੱਝ ਦਾਦਾ/ਦਾਦੀ/ਨਾਨਾ/ਨਾਨੀ ਬਣ ਚੁੱਕੇ ਸਨ। ਲਿੱਲੀ ਲਈ ਬਾਲਗਾਂ ਨੂੰ ਅਮੀਰ ਜ਼ਿੰਦਗੀਆਂ ਜਿਉਂਦੇ ਅਤੇ ਆਪਣੇ ਸੁਫਨਿਆਂ ਨੂੰ ਸਾਕਾਰ ਕਰਦੇ ਦੇਖਣਾ ਹਮੇਸ਼ਾਂ ਹੀ ਪ੍ਰੇਰਣਾ ਦਾ ਸ੍ਰੋਤ ਰਿਹਾ ਹੈ। ਜਦੋਂ ਉਹ ਛੋਟੀ ਸੀ ਤਾਂ ਉਸ ਨੂੰ ਇਸ ਨਾਲ ਇਹ ਸਮਝਣ ਵਿੱਚ ਮਦਦ ਮਿਲੀ ਕਿ ਉਸ ਵਰਗੇ ਲੋਕਾਂ ਦੀ ਇਕ ਸਮੁੱਚੀ ਕਮਿਊਨਿਟੀ ਹੈ, ਜੋ ਉਸ ਦੀ ਮਦਦ ਕਰਨ ਲਈ ਤਿਆਰ ਹਨ। ਜਿਵੇਂ ਜਿਵੇਂ ਉਹ ਵੱਡੀ ਹੋ ਰਹੀ ਹੈ, ਤਾਂ ਇਹ ਉਸ ਨੂੰ ਇਹ ਯਾਦ ਕਰਵਾਉਂਦਾ ਹੈ ਕਿ ਉਸ ਦਾ ਬੋਲਾਪਣ ਉਸ ਵੱਲੋਂ ਕੀਤੀਆਂ ਜਾ ਸਕਣ ਵਾਲੀਆਂ ਪ੍ਰਾਪਤੀਆਂ ਦੇ ਰਾਹ ਵਿੱਚ ਅੜਿੱਕਾ ਨਹੀਂ ਹੈ। ਮਾਪਿਆਂ ਵੱਜੋਂ, ਇਹਨਾਂ ਬਾਲਗਾਂ ਦੇ ਵੱਖਰੇ ਜੀਵਨ-ਤਜਰਬਿਆਂ ਅਤੇ ਸਫਰਾਂ ਬਾਰੇ ਜਾਣਨ ਨਾਲ ਸਾਨੂੰ ਫੈਸਲੇ ਕਰਨ ਅਤੇ ਇਹ ਜਾਣਨ ਬਾਰੇ ਜਾਣਕਾਰੀ ਮਿਲੀ ਹੈ ਕਿ ਅਸੀਂ ਵੱਡੀ ਹੋ ਰਹੀ ਆਪਣੀ ਧੀ ਦੀ ਕਿਸ ਤਰ੍ਹਾਂ ਮਦਦ ਕਰ ਸਕਦੇ ਹਾਂ।

We acknowledge the financial support of the Province of British Columbia.
ਅਸੀਂ ਬ੍ਰਿਟਿਸ਼ ਕੋਲ਼ੰਬੀਆ ਸੂਬੇ ਵਲੋਂ ਮਿਲ਼ੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।

# The value of connecting

By Lisa Cable

ਇਸ ਤਰ੍ਹਾਂ ਦੀ ਇਕ ਬੋਲੀ ਦੋਸਤ ਖੁਦ ਇਕ ਮਾਂ ਅਤੇ ਦਾਦੀ ਹੈ। ਪਿਛਲੇ ਕਈ ਸਾਲਾਂ ਦੌਰਾਨ ਉਸ ਨੇ ਮੇਰੇ ਨਾਲ ਆਪਣੇ ਅੰਤਰਰਾਸ਼ਟਰੀ ਸਫਰਾਂ ਬਾਰੇ ਅਤੇ ਸੁਣ ਸਕਣ ਵਾਲੇ ਬੱਚਿਆਂ ਅਤੇ ਪੋਤੇ/ਪੋਤੀਆਂ/ਦੋਹਤੇ/ਦੋਹਤੀਆਂ ਨੂੰ ਪਾਲਣ ਬਾਰੇ ਮਜ਼ਾਕੀਆ ਕਹਾਣੀਆਂ ਸਾਂਝੀਆਂ ਕੀਤੀਆਂ ਹਨ। ਉਹ ਇਕ ਅਜਿਹੀ ਇਨਸਾਨ ਹੈ ਜਿਸ ਨੂੰ ਮੈਂ ਇਮਾਨਦਾਰੀ ਨਾਲ (ਅਤੇ ਕਈ ਵਾਰੀ ਮੂਰਖਤਾ ਭਰਪੂਰ) ਸਵਾਲ ਪੁੱਛ ਸਕਦੀ ਹਾਂ ਅਤੇ ਸਪਸ਼ਟ ਅਤੇ ਸੂਝ ਭਰੇ ਜਵਾਬ ਪ੍ਰਾਪਤ ਕਰ ਸਕਦੀ ਹਾਂ। ਉਹ ਮੇਰੀ ਧੀ ਦੀ ਕੀਮਤੀ ਦੋਸਤ ਹੈ ਅਤੇ ਉਹ ਹਮੇਸ਼ਾਂ ਹੀ ਮੇਰੀ ਧੀ ਦੇ ਸਿੱਖਣ ਦੇ ਸ਼ੌਕ ਨੂੰ ਉਤਸ਼ਾਹਿਤ ਕਰਦੀ ਰਹਿੰਦੀ ਹੈ।

## ਦੂਜੇ ਮਾਪਿਆਂ ਨਾਲ ਜੁੜਨਾ

ਸਾਡੇ ਬਹੁਤ ਵਧੀਆ ਦੋਸਤ ਹਨ, ਜਿਹਨਾਂ ਵਿੱਚੋਂ ਕਈ ਸਾਡੀ ਜ਼ਿੰਦਗੀ ਵਿੱਚ ਦਹਾਕਿਆਂ ਤੋਂ ਹਨ ਅਤੇ ਉਹ ਸਾਡੇ ਪਰਿਵਾਰ ਵਾਂਗ ਹਨ। ਪਰ ਇਹਨਾਂ ਨੇੜੇ ਦੇ ਦੋਸਤਾਂ ਨਾਲ ਵੀ ਹਮੇਸ਼ਾਂ ਇਕ ਗੱਲ ਹੁੰਦੀ ਸੀ ਕਿ ਉਹਨਾਂ ਨੂੰ ਆਪਣੀ ਧੀ ਦੇ ਸਾਜ਼-ਸਾਮਾਨ, ਪਹੁੰਚ ਅਤੇ ਸੰਚਾਰ ਦੀਆਂ ਲੋੜਾਂ ਬਾਰੇ ਅਤੇ ਇਸ ਗੱਲ ਬਾਰੇ ਦੱਸਣਾ ਪੈਂਦਾ ਸੀ ਕਿ ਇਕ ਬੋਲੇ ਬੱਚੇ ਦੇ ਮਾਪੇ ਹੋਣ ਦਾ ਕੀ ਮਤਲਬ ਹੈ। ਜਦੋਂ ਤੁਸੀਂ ਕਿਸੇ ਹੋਰ ਬੋਲੇ/ਉੱਚਾ ਸੁਣਨ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਮਿਲਦੇ ਹੋ ਤਾਂ ਇਹ ਦੱਸਣ ਦੀ ਲੋੜ ਖਤਮ ਹੋ ਜਾਂਦੀ ਹੈ। ਬੇਸ਼ੱਕ ਸਾਡੀਆਂ ਕਹਾਣੀਆਂ ਵੱਖ ਵੱਖ ਹੋ ਸਕਦੀਆਂ ਹਨ, ਪਰ ਸਾਨੂੰ ਸਾਲਾਂ ਬੱਧੀ ਫੈਸਲੇ ਲੈਣ ਅਤੇ ਹਿਮਾਇਤ ਕਰਨ ਦੇ ਅਮਲ ਅਤੇ ਰਸਤੇ ਵਿੱਚ ਆਉਂਦੇ ਉਤਰਾਵਾਂ-ਚੜ੍ਹਾਵਾਂ ਦੀ ਇਕ ਸੁਭਾਵਕ ਸਮਝ ਹੁੰਦੀ ਹੈ।

ਸਰਦੀਆਂ ਦੀਆਂ ਛੁੱਟੀਆਂ ਵਿੱਚ ਅਸੀਂ ਆਪਣੇ ਘਰ ਵਿੱਚ ਇਹਨਾਂ ਵਿੱਚੋਂ ਕੁੱਝ ਦੋਸਤਾਂ ਨਾਲ ਮਿਲਣੀ ਕੀਤੀ। ਆਪਣੇ ਖਾਣੇ ਦੇ ਮੇਜ਼ 'ਤੇ ਪਹਿਲਾਂ ਕਦੇ ਨਾ ਮਿਲੇ ਅਤੇ ਆਪਣੇ ਬੱਚਿਆਂ ਦੇ ਜਨਮ ਦੀਆਂ ਸਥਿਤੀਆਂ ਕਾਰਨ ਇਕ ਦੂਸਰੇ ਦੇ ਸੰਪਰਕ 'ਚ ਆਏ ਪਰਿਵਾਰਾਂ ਨੂੰ ਦੇਖਣਾ, ਉਨ੍ਹਾਂ ਨਾਲ ਮਿਲ ਕੇ ਖਾਣਾ ਅਤੇ ਆਪਣੀਆਂ ਕਹਾਣੀਆਂ ਦੱਸਣਾ, ਗੱਲਬਾਤ ਕਰਨਾ, ਗੀਤ ਗਾਉਣਾ ਅਤੇ ਖੇਡਣਾ ਇਕ ਖਾਸ ਗੱਲ ਸੀ।

## ਦੂਜਿਆਂ ਬੱਚਿਆਂ ਨਾਲ ਜੁੜਨਾ

-ਦੁਨੀਆ ਵਿੱਚ ਆਪਣਾ ਥਾਂ ਲੱਭਣਾ ਅਤੇ ਦੂਜਿਆਂ ਨਾਲ ਜੁੜਨਾ ਵੱਡੇ ਹੋਣ ਦਾ ਇਕ ਮੁੱਖ ਹਿੱਸਾ ਹੈ। ਲਿੱਲੀ ਦੇ ਸੁਣ ਸਕਣ ਵਾਲੇ ਕਈ ਦੋਸਤ ਅਤੇ ਪਰਿਵਾਰ ਦੇ ਮੈਂਬਰ ਹਨ, ਪਰ ਅਸੀਂ ਪਿਛਲੇ ਕਈ ਸਾਲਾਂ ਦੌਰਾਨ ਉਹਦੇ ਬੋਲੇ ਅਤੇ ਉੱਚਾ ਸੁਣਨ ਵਾਲੇ ਸਾਥੀਆਂ ਨਾਲ ਵੀ ਰਿਸ਼ਤੇ ਪਾਲੇ ਹਨ। ਉਹਨਾਂ ਰਿਸ਼ਤਿਆਂ ਨੂੰ ਕਾਇਮ ਰੱਖਣਾ ਅਤੇ ਬਣਾਉਣਾ ਮਾਪਿਆਂ ਵੱਜੋਂ ਸਾਡੇ ਲਈ ਪਹਿਲ ਵਾਲੀ ਗੱਲ ਹੈ, ਕਿਉਂਕਿ ਅਸੀਂ ਜਾਣਦੇ ਹਾਂ ਕਿ ਜ਼ਿੰਦਗੀ ਵਿੱਚ ਅਜਿਹੇ ਲੋਕਾਂ ਦਾ ਹੋਣਾ ਕਿੰਨਾ ਮਹੱਤਵਪੂਰਨ ਹੈ ਜਿਹੜੇ "ਬਿਲਕੁਲ ਉਸ ਵਰਗੇ ਹੋਣ"। ਜਦੋਂ ਉਹ ਇਕੱਠੇ ਹੁੰਦੇ ਹਨ, ਉਦੋਂ ਉਹ ਆਪਣੀਆਂ ਪਹੁੰਚ ਦੀਆਂ ਲੋੜਾਂ ਜਾਂ ਸਾਜ਼ ਸਾਮਾਨ, ਜਾਂ ਬੋਲੇ/ਉੱਚਾ ਸੁਣਨ ਵਾਲੇ ਲੋਕਾਂ ਵੱਜੋਂ ਆਪਣੀਆਂ ਪਛਾਣਾਂ ਬਾਰੇ ਗੱਲ ਨਹੀਂ ਕਰਦੇ- ਉਹ ਬੱਸ ਦੋਸਤ ਹੁੰਦੇ ਹਨ। ਪਰ ਅਚੇਤ ਪੱਧਰ 'ਤੇ ਉਹ ਸਮਝਦੇ ਹਨ ਕਿ ਆਪਣੇ ਸੁਣ ਸਕਣ ਵਾਲੇ ਸਾਥੀਆਂ ਦੇ ਮੁਕਾਬਲੇ ਉਹ ਦੁਨੀਆ ਵਿੱਚ ਵੱਖਰੀ ਤਰ੍ਹਾਂ ਵਿਚਰਦੇ ਹਨ, ਅਤੇ ਇਹ ਉਨ੍ਹਾਂ ਨੂੰ ਇਕ ਖਾਸ ਤਰ੍ਹਾਂ ਦੇ ਰਿਸ਼ਤੇ ਵਿੱਚ ਬੰਨ ਦਿੰਦਾ ਹੈ।

ਕਿੰਡਰਗਾਰਟਨ ਤੋਂ ਪਹਿਲਾਂ, ਜਦੋਂ ਮੇਰੀ ਧੀ ਅਰਲੀ ਇੰਟਰਵੈਨਸ਼ਨ ਪ੍ਰੋਗਰਾਮ ਦਾ ਹਿੱਸਾ ਸੀ, ਉਸ ਲਈ ਬੋਲੇ ਅਤੇ ਉੱਚਾ ਸੁਣਨ ਵਾਲੇ ਦੂਸਰੇ ਬੱਚਿਆਂ ਨਾਲ ਸਮਾਂ ਬਿਤਾਉਣਾ ਸੌਖਾ ਸੀ। ਜਦੋਂ ਉਹ ਸਕੂਲ ਜਾਣ ਲੱਗੀ ਤਾਂ ਅਸੀਂ ਮਹਿਸੂਸ ਕੀਤਾ ਕਿ ਉਹਨਾਂ ਰਿਸ਼ਤਿਆਂ ਨੂੰ ਬਣਾਈ ਰੱਖਣ ਲਈ ਵਿਉਂਤ ਬਣਾਉਣ ਅਤੇ ਪਹਿਲਾਂ ਸੋਚਣ ਦੀ ਲੋੜ ਹੋਵੇਗੀ। ਉਸ ਦੇ ਕੁੱਝ ਨੇੜਲੇ ਦੋਸਤਾਂ ਸਾਡੇ ਇਲਾਕੇ ਵਿੱਚ ਨਹੀਂ ਰਹਿੰਦੇ, ਇਸ ਲਈ ਉਹਨਾਂ ਨਾਲ ਜੁੜਨ ਲਈ ਫੇਸ ਟਾਈਮ, ਚੈਟਸ ਦੀ ਵਰਤੋਂ ਕਰਦੇ ਹਾਂ ਅਤੇ ਉਹਨਾਂ ਨਾਲ ਸਪਰਿੰਗ ਬ੍ਰੇਕ ਅਤੇ ਗਰਮੀਆਂ ਦੀਆਂ ਛੁੱਟੀਆਂ ਵਿੱਚ ਮਿਲਦੇ ਹਾਂ। ਅਸੀਂ ਸਕੂਲ ਜਾਣ ਦੀ ਉਮਰ ਦੇ ਬੱਚਿਆਂ ਲਈ ਚੱਲਦੇ ਸਾਰੇ ਵਧੀਆ ਪ੍ਰੋਗਰਾਮਾਂ, ਜਿਵੇਂ ਡੈੱਫ ਯੂਥ ਟੂਡੇਅ ਕੈਂਪਸ ਅਤੇ ਪ੍ਰੋਗਰਾਮਜ਼ ਅਤੇ ਸੀ ਐੱਚ ਐੱਚ ਏ-ਬੀ ਸੀ ਬੱਡੀਜ਼ ਈਵੈਂਟਸ ਅਤੇ ਕੈਂਪਸ, ਦਾ ਫਾਇਦਾ ਉਠਾਉਂਦੇ ਹਾਂ, ਤਾਂ ਕਿ ਲਿੱਲੀ ਨੂੰ ਆਪਣੇ ਬੋਲੇ ਅਤੇ ਉੱਚਾ ਸੁਣਨ ਵਾਲੇ ਸਾਥੀਆਂ ਨਾਲ ਮਜ਼ੇ ਭਰਪੂਰ ਢੰਗ ਨਾਲ ਜੁੜਨ ਅਤੇ ਮਿਲਣ ਦੇ ਬਾਕਾਇਦਾ ਮੌਕੇ ਮਿਲਦੇ ਰਹਿਣ।

ਆਪਣੇ ਬੱਚੇ ਦੇ ਸਫਰ ਦੌਰਾਨ ਮਿਲਣ ਵਾਲੇ ਹਰ ਵਿਅਕਤੀ ਨਾਲ ਤੁਹਾਡੀ ਉਮਰ-ਭਰ ਦੀ ਦੋਸਤੀ ਨਹੀਂ ਹੋ ਸਕਦੀ। ਮੇਰੀ ਕਾਮਨਾ ਹੈ ਕਿ ਤੁਹਾਨੂੰ ਉਹ ਕੁੱਝ ਖਾਸ ਲੋਕ ਮਿਲਣ ਜਿਹਨਾਂ ਨਾਲ ਦੋਸਤੀ ਹੋ ਸਕਦੀ ਹੋਵੇ - ਕਿਉਂਕਿ ਉਹਨਾਂ ਦੋਸਤੀਆਂ ਨਾਲ ਸੱਚੀ ਖੁਸ਼ੀ ਅਤੇ ਸਾਂਝ ਪ੍ਰਾਪਤ ਹੁੰਦੀ ਹੈ।

We acknowledge the financial support of the Province of British Columbia.
ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।